# ਤੁਹਾਡੇ ਬੱਚੇ ਨਾਲ ਜ਼ਿੰਦਗੀ

# ਕਾਗਜ਼ਾਤ ਸੰਬੰਧੀ ਕਾਰਵਾਈ ਕਰਨਾ

**ਕੀ ਤੁਹਾਨੂੰ ਪਤਾ ਹੈ**

ਤੁਸੀਂ ਚਾਹੇ ਭੁਗਤਾਨ ਤੋਂ ਬਿਨਾਂ ਜਾਂ ਭੁਗਤਾਨ ਵਾਲੀ ਛੁੱਟੀ ਤੇ ਹੋ, ਤੁਹਾਡੇ ਰੋਜ਼ਗਾਰਦਾਤਾ ਲਈ ਤੁਹਾਡੀ ਨੌਕਰੀ ਜਾਂ ਇੱਕ ਮਿਲਦੀ ਜੁਲਦੀ ਨੌਕਰੀ ਖੁੱਲੀ ਰੱਖਣਾ ਜ਼ਰੂਰੀ ਹੈ। ਅਤੇ ਤੁਹਾਡੇ ਛੁੱਟੀ ਤੇ ਹੋਣ ਦੇ ਦੌਰਾਨ, ਤੁਸੀਂ ਅਜੇ ਵੀ ਆਪਣੇ ਮੈਡੀਕਲ ਲਾਭ ਪ੍ਰਾਪਤ ਕਰ ਸਕਦੇ ਹੋ।

## ❑ ਨੌਕਰੀ ਤੋਂ ਛੁੱਟੀ ਦਾ ਪ੍ਰਬੰਧ ਕਰੋ

**ਭੁਗਤਾਨ ਤੋਂ ਬਿਨਾਂ ਛੁੱਟੀ:** ਸਾਰੇ ਕਰਮਚਾਰੀ ਇੱਕ ਨਵੇਂ ਬੱਚੇ ਦੇ ਨਾਲ ਸਮਾਂ ਬਿਤਾਉਣ ਲਈ ਭੁਗਤਾਨ ਤੋਂ ਬਿਨਾਂ ਛੁੱਟੀ ਪ੍ਰਾਪਤ ਕਰ ਸਕਦੇ ਹਨ। ਜੇ ਤੁਸੀਂ ਜਨਮ ਦਿੰਦੇ ਹੋ, ਤਾਂ ਸੰਭਵ ਹੈ ਕਿ ਤੁਹਾਨੂੰ ਮੈਟਰਨਿਟੀ (maternity) ਛੁੱਟੀ ਦੇ ਨਾਲ ਪੇਰੈਂਟਲ (parental) ਛੁੱਟੀ ਵੀ ਮਿਲ ਸਕਦੀ ਹੈ। ਸਾਥੀ ਅਤੇ ਗੋਦ ਲੈਣ ਵਾਲੇ ਮਾਤਾ - ਪਿਤਾ ਨੂੰ ਪੇਰੈਂਟਲ ਛੁੱਟੀ ਮਿਲ ਸਕਦੀ ਹੈ।

**ਭੁਗਤਾਨ ਵਾਲੀ ਛੁੱਟੀ:** ਜੇ ਜਨਮ ਦੇਣ ਤੋਂ ਪਹਿਲਾਂ ਤੁਹਾਡੇ ਕੋਲ ਨੌਕਰੀ ਸੀ, ਤਾਂ ਸੰਭਵ ਹੈ ਕਿ ਤੁਹਾਨੂੰ ਇਮਪਲੌਏਮੈਂਟ ਇੰਸ਼ੋਰੈਂਸ ਰਾਹੀਂ ਭੁਗਤਾਨ ਵਾਲੀ ਮੈਟਰਨਿਟੀ ਛੁੱਟੀ ਅਤੇ ਭੁਗਤਾਨ ਵਾਲੀ ਪੇਰੈਂਟਲ ਛੁੱਟੀ ਮਿਲੇ। ਜ਼ਿਆਦਾਤਰ ਮਾਤਾਵਾਂ ਉਨ੍ਹਾਂ ਦੀ ਮੈਟਰਨਿਟੀ ਛੁੱਟੀ ਖਤਮ ਹੋਣ ਤੋਂ ਤੁਰੰਤ ਬਾਅਦ ਪੇਰੈਂਟਲ ਛੁੱਟੀ ਲੈਂਦੀਆਂ ਹਨ। ਪਿਤਾ ਅਤੇ ਗੋਦ ਲੈਣ ਵਾਲੇ ਮਾਤਾ-ਪਿਤਾ ਨੂੰ ਵੀ ਭੁਗਤਾਨ ਵਾਲੀ ਪੇਰੈਂਟਲ ਛੁੱਟੀ ਮਿਲ ਸਕਦੀ ਹੈ। canada.ca/en/services/benefits/ei/ei-maternity-parental ਤੇ ਹੋਰ ਜਾਣੋ। ਅਤੇ ਆਪਣੇ ਰੋਜ਼ਗਾਰਦਾਤਾ ਨਾਲ ਕੋਈ ਵੀ ਅਜਿਹੇ ਵਾਧੂ ਲਾਭਾਂ ਬਾਰੇ ਗੱਲ ਕਰੋ ਜਿਹੜੇ ਸੰਭਵ ਹੈ ਤੁਹਾਡਾ ਕੰਮ ਦਾ ਸਥਾਨ ਪੇਸ਼ ਕਰੇ।

## ❑ ਨਾਮ ਚੁਣੋ

ਤੁਹਾਨੂੰ ਆਪਣੇ ਬੱਚੇ ਨੂੰ ਇੱਕ ਪਹਿਲਾ ਨਾਮ ("ਗਿਵਨ ਨੇਮ") ਅਤੇ ਇੱਕ ਆਖਰੀ ਨਾਮ ("ਸਰਨੇਮ") ਦੇਣਾ ਪਵੇਗਾ। ਤੁਸੀਂ ਉਸ ਨੂੰ ਇੱਕ ਜਾਂ ਉਸ ਤੋਂ ਵੱਧ ਵਿਚਕਾਰਲੇ (ਮਿਡਲ) ਨਾਮ ਦੇਣ ਦੀ ਚੋਣ ਵੀ ਕਰ ਸਕਦੇ ਹੋ। ਬੱਚੇ ਦਾ ਸਰਨੇਮ ਮਾਂ ਦਾ, ਪਿਤਾ ਦਾ, ਦੋਵਾਂ ਦਾ ਮਿਸ਼ਰਨ (ਡੈਸ਼ ਤੋਂ ਬਿਨਾਂ ਜਾਂ ਡੈਸ਼ ਦੇ ਨਾਲ) ਜਾਂ ਦੋਵਾਂ ਤੋਂ ਵੱਖਰਾ ਹੋ ਸਕਦਾ ਹੈ।

## ❑ ਸਰਪ੍ਰਸਤ ਚੁਣਨ ਬਾਰੇ ਸੋਚੋ

ਇਸ ਬਾਰੇ ਸੋਚੋ ਕਿ ਜੇ ਤੁਹਾਡੀ ਮੌਤ ਹੋ ਜਾਂਦੀ ਹੈ, ਤਾਂ ਤੁਸੀਂ ਚਾਹੁੰਦੇ ਹੋ ਕਿ ਉਸ ਦੀ ਦੇਖਭਾਲ ਕੌਣ ਕਰੇ। ਜੇ ਉਹ ਵਿਅਕਤੀ ਸਹਿਮਤ ਹੁੰਦਾ ਹੈ, ਤਾਂ ਤੁਸੀਂ ਆਪਣੀ ਵਸੀਅਤ ਵਿੱਚ ਜਾਂ ਅਪੌਇੰਟਮੈਂਟ ਔਫ ਸਟੈਂਡਬਾਏ ਔਰ ਟੇਸਟਾਮੈਂਟਰੀ ਗਾਰਡੀਅਨ (Appointment of Standby or Testamentary Guardian) ਫਾਰਮ ਭਰ ਕੇ ਉਨ੍ਹਾਂ ਨੂੰ ਆਪਣੇ ਬੱਚੇ ਦੇ ਸਰਪ੍ਰਸਤ ਵਜੋਂ ਨਿਯੁਕਤ ਕਰ ਸਕਦੇ ਹੋ।

## ❑ ਜਨਮ ਨੂੰ ਰਜਿਸਟਰ ਕਰੋ

ਆਪਣੇ ਬੱਚੇ ਨੂੰ ਜਨਮ ਦੇ 30 ਦਿਨਾਂ ਦੇ ਅੰਦਰ ਬੀ. ਸੀ. ਵਾਈਟਲ ਸਟੈਟਿਸਟਿਕਸ ਏਜੰਸੀ (B.C. Vital Statistics Agency) ਨਾਲ ਰਜਿਸਟਰ ਕਰੋ। ਜਨਮ ਨੂੰ ebr.vs.gov.bc.ca ਤੇ ਔਨਲਾਇਨ ਜਾਂ ਤੁਹਾਡੇ ਹਸਪਤਾਲ ਜਾਂ ਦਾਈ ਰਾਹੀਂ ਰਜਿਸਟਰ ਕੀਤਾ ਜਾ ਸਕਦਾ ਹੈ। ਜਦੋਂ ਤੁਸੀਂ ਜਨਮ ਨੂੰ ਰਜਿਸਟਰ ਕਰਦੇ ਹੋ, ਤਾਂ ਤੁਸੀਂ ਆਪਣੀ ਬੱਚੀ ਨੂੰ ਮੈਡੀਕਲ ਸਰਵਿਸਿਜ਼ ਪਲਾਨ (Medical Services Plan) ਵਿੱਚ ਭਰਤੀ ਵੀ ਕਰ ਸਕਦੇ ਹੋ ਅਤੇ ਉਸਦੇ ਜਨਮ ਸਰਟੀਫੀਕੇਟ, ਸੋਸ਼ਲ ਇੰਸ਼ੋਰੈਂਸ ਨੰਬਰ ਅਤੇ ਕੈਨੇਡਾ ਚਾਇਲਡ ਬੈਨੇਫਿਟਸ ਲਈ ਅਪਲਾਈ ਕਰ ਸਕਦੇ ਹੋ।

## ❑ ਜਨਮ ਸਰਟੀਫੀਕੇਟ ਪ੍ਰਾਪਤ ਕਰੋ

ebr.vs.gov.bc.ca ਤੇ ਜਾਂ ਤੁਹਾਡੇ ਦੁਆਰੇ ਜਨਮ ਨੂੰ ਰਜਿਸਟਰ ਕੀਤੇ ਜਾਣ ਲਈ ਵਰਤੇ ਜਾਣ ਵਾਲੇ ਫਾਰਮ ਦੇ ਪਿਛਲੇ ਪਾਸੇ ਆਪਣੇ ਬੱਚੇ ਵਾਸਤੇ ਸਰਕਾਰੀ ਸ਼ਨਾਖਤ ਲਈ ਅਪਲਾਈ ਕਰੋ। ਜਨਮ ਸਰਟੀਫੀਕੇਟ ਲਈ ਫੀਸ ਹੈ।

**ਮਨੀ ਸੈਂਸ**

**ਕੈਨੇਡਾ ਚਾਇਲਡ ਬੈਨੇਫਿਟ ਲਈ ਅਪਲਾਈ ਕਰੋ।**

ਤੁਹਾਡੇ ਬੱਚੇ ਦੇ ਪਾਲਣ ਪੋਸ਼ਣ ਵਿੱਚ ਤੁਹਾਡੀ ਸਹਾਇਤਾ ਕਰਨ ਲਈ ਮਾਸਿਕ ਸਰਕਾਰੀ ਭੁਗਤਾਨ ਉਪਲਬਧ ਹਨ। ਕੇਵਲ ਤੁਹਾਡੇ ਦੁਆਰਾ ਜਨਮ ਨੂੰ ਰਜਿਸਟਰ ਕੀਤੇ ਜਾਣ ਲਈ ਵਰਤੇ ਜਾਣ ਵਾਲੇ ਫਾਰਮ ਦੇ ਪਿਛਲੇ ਪਾਸੇ ਸਹਿਮਤੀ ਵਾਲੇ ਡੱਬੇ ਨੂੰ ਚੈੱਕ ਕਰੋ। canada.ca/en/revenue-agency/services/child-family-benefits ਜਾਂ 1-800-387-1193 ਤੇ ਹੋਰ ਜਾਣੋ।

## ❑ ਮੈਡੀਕਲ ਕਵਰੇਜ ਪ੍ਰਾਪਤ ਕਰੋ

ਜਨਮ ਦੇ 60 ਦਿਨਾਂ ਦੇ ਅੰਦਰ ਮੈਡੀਕਲ ਸਰਵਿਸਿਜ਼ ਪਲਾਨ (ਐਮਐਸਪੀ) ਬੇਬੀ ਰਜਿਸਟਰੇਸ਼ਨ ਫਾਰਮ ਭਰੋ। ਜਨਮ ਨੂੰ ਰਜਿਸਟਰ ਕਰਨ ਵੇਲੇ ਅਪਲਾਈ ਕਰੋ, ਜਾਂ health.gov.bc.ca/exforms/msp/115fil.pdf ਤੇ ਜਾਂ ਆਪਣੇ ਹਸਪਤਾਲ ਜਾਂ ਦਾਈ ਕੋਲੋਂ ਫਾਰਮ ਪ੍ਰਾਪਤ ਕਰੋ। ਪਹਿਲੇ 60 ਦਿਨਾਂ ਲਈ ਬੱਚੇ ਲਈ ਆਪਣਾ ਮੈਡੀਕਲ ਨੰਬਰ ਵਰਤੋ।

**ਮਨੀ ਸੈਂਸ**

**ਮੈਡੀਕਲ ਕਵਰੇਜ**

**ਜੇ ਤੁਹਾਡੀ ਆਮਦਨੀ ਦਰਮਿਆਨੀ ਹੈ,** ਤਾਂ ਤੁਸੀਂ ਐਮਐਸਪੀ ਸਪਲੀਮੈਂਟਰੀ ਲਾਭਾਂ (MSP Supplementary) ਲਈ ਯੋਗ ਹੋ ਸਕਦੇ ਹੋ। ਹੋਰ ਜਾਣਕਾਰੀ ਲਈ ਹੈਲਥ ਇੰਸ਼ੋਰੈਂਸ ਬੀਸੀ ਨਾਲ 1-800-663-7100 'ਤੇ ਸੰਪਰਕ ਕਰੋ। ਜੇ ਤੁਸੀਂ ਐਮਐਸਪੀ ਸਪਲੀਮੈਂਟਰੀ ਲਾਭਾਂ ਲਈ ਯੋਗ ਹੋ, ਤਾਂ ਤੁਸੀਂ ਆਪਣੇ ਬੱਚੇ ਦੀ ਐਨਕ, ਸੁਣਨ ਲਈ ਉਪਕਰਣਾਂ ਅਤੇ ਦੰਦਾਂ ਦੀ ਮੁਢਲੀ ਦੇਖਭਾਲ ਵਾਸਤੇ ਭੁਗਤਾਨ ਕਰਨ ਲਈ ਸਹਾਇਤਾ ਵੀ ਪ੍ਰਾਪਤ ਕਰ ਸਕਦੇ ਹੋ। ਹੋਰ ਜਾਣਨ ਲਈ ਹੈਲਦੀ ਕਿਡਜ਼ ਪ੍ਰੋਗਰਾਮ ਨਾਲ 1-866-866-0800 'ਤੇ ਸੰਪਰਕ ਕਰੋ।

**ਜੇ ਤੁਸੀਂ ਫਸਟ ਨੇਸ਼ਨਜ਼ ਹੋ,** ਤਾਂ ਸੰਭਵ ਹੈ ਕਿ ਫਸਟ ਨੇਸ਼ਨਜ਼ ਹੈਲਥ ਅਥਾਰਿਟੀ ਬੈਨੇਫਿਟਸ ਪ੍ਰੋਗਰਾਮ ਹੋਰ ਇੰਸ਼ੋਰੈਂਸ ਦੁਆਰਾ ਕਵਰ ਨਾ ਕੀਤੇ ਜਾਣ ਵਾਲੇ ਮੈਡੀਕਲ ਅਤੇ ਡੈਂਟਲ ਖਰਚਿਆਂ ਦਾ ਭੁਗਤਾਨ ਕਰੇ। ਹੋਰ ਜਾਣਨ ਲਈ healthbenefits@fnha.ca ਤੇ ਈਮੇਲ ਕਰੋ ਜਾਂ 1-855-550-5454 ਨੂੰ ਟੋਲ ਫ੍ਰੀ ਫੋਨ ਕਰੋ।

**ਜੇ ਤੁਸੀਂ ਇੱਕ ਰਫ਼ਿਊਜੀ ਹੋ,** ਤਾਂ ਹੈਲਥ ਇੰਸ਼ੋਰੈਂਸ ਬੀਸੀ ਨੂੰ 1-800-663-7100 ਤੇ ਇਹ ਪਤਾ ਕਰਨ ਲਈ ਫੋਨ ਕਰੋ ਜੇਕਰ ਤੁਸੀਂ ਐਮਐਸਪੀ ਕਵਰੇਜ ਲਈ ਯੋਗ ਹੋ। ਜੇ ਅਜਿਹਾ ਨਹੀਂ ਹੈ, ਤਾਂ ਸੰਭਵ ਹੈ ਕਿ ਤੁਸੀਂ ਇੰਟਰਿਮ ਫੈਡਰਲ ਹੈਲਥ ਪ੍ਰੋਗਰਾਮ ਰਾਹੀਂ ਸਹਾਇਤਾ ਪ੍ਰਾਪਤ ਕਰ ਸਕੋ। 1-888-242-2100 ਤੇ ਫੋਨ ਕਰੋ ਜਾਂ cic.gc.ca/english/refugees/outside/summary-ifhp.asp ਤੇ ਜਾਓ।

### ਮਨੀ ਸੈਂਸ
**ਪ੍ਰਿਸਕ੍ਰਿਪਸ਼ਨ ਦਵਾਈਆਂ ਦੇ ਖਰਚਿਆਂ ਲਈ ਸਹਾਇਤਾ ਪ੍ਰਾਪਤ ਕਰੋ**

ਜੇ ਤੁਸੀਂ ਪਹਿਲਾਂ ਹੀ ਫੇਅਰ ਫਾਰਮਾਕੇਅਰ ਲਈ ਰਜਿਸਟਰ ਕੀਤੇ ਹੋਏ ਹੋ, ਤਾਂ ਤੁਹਾਡਾ ਬੱਚਾ ਆਪਣੇ ਆਪ ਹੀ ਰਜਿਸਟਰ ਹੋ ਜਾਵੇਗਾ। ਜੇ ਅਜਿਹਾ ਨਹੀਂ ਹੈ, ਤਾਂ ਉਸ ਨੂੰ www2.gov.bc.ca/gov/content/health/health-drug-coverage/pharmacare-for-bc-residents ਤੇ ਰਜਿਸਟਰ ਕਰੋ ਜਾਂ 1-800-663-7100 ਤੇ ਫੋਨ ਕਰੋ।

### ਮਨੀ ਸੈਂਸ
**ਹੋਰ ਵਿੱਤੀ ਸਹਾਇਤਾ ਬਾਰੇ ਪਤਾ ਕਰੋ**

ਜੇ ਤੁਸੀਂ ਆਮਦਨੀ ਸੰਬੰਧੀ ਸਹਾਇਤਾ ਪ੍ਰਾਪਤ ਕਰਦੇ ਹੋ, ਤਾਂ ਸੰਭਵ ਹੈ ਕਿ ਤੁਸੀਂ ਰਿਹਾਇਸ਼, ਸਪਲੀਮੈਂਟਾਂ, ਫਾਰਮੂਲੇ ਅਤੇ ਹੋਰ ਚੀਜ਼ਾਂ ਲਈ ਭੁਗਤਾਨ ਕਰਨ ਵਾਸਤੇ ਸਹਾਇਤਾ ਪ੍ਰਾਪਤ ਕਰ ਸਕੋ। www2.gov.bc.ca ਤੇ "ਜਨਰਲ ਹੈਲਥ ਐਂਡ ਸਪਲੀਮੈਂਟਸ" ਸਰਚ ਕਰੋ ਜਾਂ 1-866-866-0800 ਤੇ ਫੋਨ ਕਰੋ।




